Final

EVS- 1

## ਵਾਤਾਵਰਨ ਸਿੱਖਿਆ

### ਪੇਪਰ ਪੈਟਰਨ ਅਤੇ ਅੰਕਾਂ ਦੀ ਵੰਡ

| ਲੜੀ ਨੰਬਰ | ਜਾਂਚ ਵੰਨਗੀ ਦੀ ਕਿਸਮ | ਗਿਣਤੀ | ਕੁੱਲ ਅੰਕ |
|---|---|---|---|
| 1 | ਬਹੁ ਵਿਕਲਪੀ ਚੋਣ | 16 | 16 |
| 2 | ਇੱਕ ਵਾਕ ਤੋਂ ਛੋਟੇ ਉੱਤਰ ਵਾਲੇ ਪ੍ਰਸ਼ਨ | 8×2 | 16 |
| 3 | ਖਾਲੀ ਥਾਵਾਂ ਭਰੋ | 4 | 4 |
| 4 | ਗਲਤ / ਸਹੀ | 4 | 4 |
| 5 | ਮਿਲਾਨ ਕਰੋ | 4 | 4 |
| 6 | ਦਿਮਾਗੀ ਕਸਰਤ | 4 | 4 |
| 7 | ਵੱਡੇ ਉੱਤਰਾਂ ਵਾਲੇ (SUBJECTIVE ) ਪ੍ਰਸ਼ਨ (ਦਿੱਤੇ ਦਸ ਪ੍ਰਸ਼ਨਾਂ ਵਿੱਚੋਂ ਕੋਈ ਅੱਠ ਹੱਲ ਕਰੋ ) | 8×4 | 32 |
| | ਕੁੱਲ ਜੋੜ | | 80 |

ਪਾਠਾਂ ਅਨੁਸਾਰ ਅੰਕਾਂ ਦੀ ਵੰਡ ਵਾਤਾਵਰਨ ਸਿੱਖਿਆ

### ਜਮਾਤ ਤੀਜੀ

| ਪਾਠ ਨੰ. | ਇੱਕ ਅੰਕਾਂ ਵਾਲੇ ਪ੍ਰਸ਼ਨਾਂ ਦੀ ਗਿਣਤੀ | ਦੋ ਅੰਕਾਂ ਵਾਲੇ ਪ੍ਰਸ਼ਨਾਂ ਦੀ ਗਿਣਤੀ | ਚਾਰ ਅੰਕਾਂ ਵਾਲੇ ਪ੍ਰਸ਼ਨਾਂ ਦੀ ਗਿਣਤੀ | Total marks |
|---|---|---|---|---|
| 1. ਪਰਿਵਾਰ ਅਤੇ ਰਿਸ਼ਤੇ | 1 | | 1 | 5 |
| 2. ਦਾਦਾ ਜੀ ਜਦੋਂ ਜਵਾਨ ਸਨ | 2 | 1 | | 4 |
| 3. ਸਾਡੇ ਸਹਿਯੋਗੀ ਕਿੱਤਾਕਾਰ | 2 | 1 | | 4 |
| 4. ਆਓ ਖੇਡੀਏ | | 1 | 1 | 6 |
| 5. ਪੌਦੇ-ਸਾਡੇ ਮਿੱਤਰ | 1 | | 1 | 5 |

| | | | | |
|---|---|---|---|---|
| 6. ਰੰਗ-ਬਿਰੰਗੇ ਪੱਤੇ | 2 | | | 2 |
| 7. ਜੰਤੂ-ਇੱਕ ਜਾਣ-ਪਹਿਚਾਣ | 1 | | 1 | 5 |
| 8. ਪੰਛੀਆਂ ਦੀ ਦੁਨੀਆਂ | 1 | 1 | | 3 |
| 9. ਭੋਜਨ ਪਕਾਈਏ ਅਤੇ ਖਾਈਏ | 1 | 1 | 1 | 7 |
| 10. ਪਰਿਵਾਰ ਅਤੇ ਜਾਨਵਰ | | 1 | 1 | 6 |
| 11. ਸਾਡਾ ਆਵਾਸ | 2 | | | 2 |
| 12. ਸਾਡਾ ਆਂਢ-ਗੁਆਂਢ | 1 | 1 | 1 | 7 |
| 13. ਪਾਣੀ-ਜੀਵਨ ਦਾ ਆਧਾਰ | 2 | | 1 | 6 |
| 14. ਪਾਣੀ ਦੇ ਸਰੋਤ | 2 | | 1 | 6 |
| 15. ਸ੍ਰੀ ਅੰਮ੍ਰਿਤਸਰ ਸਾਹਿਬ ਦਾ ਟੂਰ | 1 | | 1 | 5 |
| 16. ਪੰਖੁੜੀ ਦਾ ਸੰਦੇਸ਼ | 2 | | | 2 |
| 17. ਫੁੱਲਾਂ ਵਾਲੀ ਫ਼ਰਾਕ | 2 | | 1 | 6 |
| 18. ਮਿੱਟੀ ਦੇ ਖਿਡੌਣੇ | 1 | 1 | | 3 |
| 19. ਡਿਜੀਟਲ ਉਪਕਰਨ | | | 1 | 4 |
| Total marks | 24 | 8×2=16 | 10×4=40 | 80 |

EVS-3

Final.

ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨਾ ਮੁਲਾਂਕਣ ਪੱਤਰ- ਮਾਰਚ 2020

ਜਮਾਤ ਤੀਜੀ

ਵਿਸ਼ਾ ਵਾਤਾਵਰਨ ਸਿੱਖਿਆ

ਵਿਦਿਆਰਥੀ ਦਾ ਨਾਂ.................. ਰੋਲ ਨੰ. ........

ਜਮਾਤ............... ਮਿਤੀ ............

ਸਮਾਂ: 3 ਘੰਟੇ ਕੁੱਲ ਅੰਕ: 80

## 1.ਸਹੀ ਉੱਤਰ ਅੱਗੇ ਸਹੀ ਦਾ ਨਿਸ਼ਾਨ (✓) ਲਗਾਓ ਅੰਕ 16×1=16

1) ਦਾਦੀ ਜੀ ਨੇ ਦੱਸਿਆ ਕਿ ਖਾਣਾ ਖਾਣ ਤੋਂ ਪਹਿਲਾਂ ਤੇ ਬਾਦ...

(ੳ) ਸਾਬਣ ਨਾਲ ਹੱਥ ਧੋਣੇ ਚਾਹੀਦੇ ਹਨ। (ਅ) ਹੱਥ ਧੋਣ ਦੀ ਕੋਈ ਲੋੜ ਨਹੀਂ ਹੁੰਦੀ।

(ੲ) ਨਹਾਉਣਾ ਚਾਹੀਦਾ ਹੈ। (ਸ) ਨਵੇਂ ਕੱਪੜੇ ਪਹਿਨਣੇ ਚਾਹੀਦੇ ਹਨ।

2) ਬਰੇਲ ਲਿਪੀ ਦੇ ਅੱਖਰਾਂ ਨੂੰ..........

(ੳ) ਦੇਖ ਕੇ ਪੜ੍ਹਿਆ ਜਾਂਦਾ ਹੈ। (ਅ) ਚਿੰਨ੍ਹ ਪਹਿਚਾਣ ਕੇ ਪੜ੍ਹਿਆ ਜਾਂਦਾ ਹੈ।

(ੲ) ਛੂਹ ਕੇ ਪੜ੍ਹਿਆ ਜਾਂਦਾ ਹੈ। (ਸ) ਦੂਰੋਂ ਹੀ ਸਮਝਿਆ ਜਾ ਸਕਦਾ ਹੈ।

3) ਹਸਪਤਾਲ ਵਿੱਚ ਨਰਸ ਦਾ ਕੰਮ.........

(ੳ) ਅਖਬਾਰ ਪੜ੍ਹਨਾ ਹੈ। (ਅ) ਪਰਚੀਆਂ ਕੱਟਣਾ ਹੈ।

(ੲ) ਬਿੱਲ ਬਣਾਉਣਾ ਹੈ। (ਸ) ਮਰੀਜ਼ਾਂ ਦੀ ਦੇਖਭਾਲ ਕਰਨਾ ਹੈ।

4) ਸੇਬ ਦਾ ਪੌਦਾ...........

(ੳ) ਖੁਸ਼ਕ ਇਲਾਕੇ ਵਿੱਚ ਹੁੰਦਾ ਹੈ। (ਅ) ਠੰਢੇ ਇਲਾਕੇ ਵਿੱਚ ਹੁੰਦਾ ਹੈ।

(ੲ) ਗਰਮ ਇਲਾਕੇ ਵਿੱਚ ਹੁੰਦਾ ਹੈ। (ਸ) ਰੇਤਲੇ ਇਲਾਕੇ ਵਿੱਚ ਹੁੰਦਾ ਹੈ।

5) ਰੁੱਖਾਂ ਦੇ ਡਿੱਗੇ ਹੋਏ ਪੱਤੇ ਜਲਾਉਣ ਨਾਲ ਹਵਾ ਹੋ ਜਾਂਦੀ ਹੈ:

(ੳ) ਖੁਸ਼ਕ (ਅ) ਪ੍ਰਦੂਸ਼ਿਤ (ੲ) ਠੰਢੀ (ਸ) ਤਾਜ਼ੀ

6) ਤੁਹਾਡੇ ਆਲੇ-ਦੁਆਲੇ ਵਿੱਚ ਪੰਛੀ ਰਹਿਣ ਲਈ ਆਪਣੇ ਘਰ ਬਣਾਉਂਦੇ ਹਨ, ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ:

(ੳ) ਬੰਗਲਾ (ਅ) ਝੋਪੜੀ (ੲ) ਆਲ੍ਹਣਾ (ਸ) ਚੁਬਾਰਾ

7) ਕੂੜਾ -ਕਰਕਟ ਕਿੱਥੇ ਸੁੱਟਣਾ ਚਾਹੀਦਾ ਹੈ?

(ੳ) ਵਿਹੜੇ ਵਿੱਚ (ਅ) ਕੂੜੇਦਾਨ ਵਿੱਚ (ੲ) ਗਲੀ ਵਿੱਚ (ਸ) ਜਿੱਥੇ ਵੀ ਜਗ੍ਹਾ ਮਿਲੇ

8) ਢਲਾਨਦਾਰ ਛੱਤਾਂ ਵਾਲੇ ਘਰ ਕਿੱਥੇ ਮਿਲਦੇ ਹਨ?

(ੳ) ਰੇਤਲੇ ਇਲਾਕੇ ਵਿੱਚ (ਅ) ਮੈਦਾਨੀ ਇਲਾਕੇ ਵਿੱਚ (ੲ) ਪਹਾੜੀ ਖੇਤਰ ਵਿੱਚ (ਸ) ਸਮੁੰਦਰ ਦੇ ਕਿਨਾਰੇ

ਪੰਨਾ 4

9) ਜੇਕਰ ਤੁਹਾਡੇ ਘਰ ਕੋਈ ਬਿਮਾਰ ਹੈ, ਤਾਂ ਉਸ ਨੂੰ ਇਲਾਜ ਲਈ ਕਿੱਥੇ ਲੈ ਕੇ ਜਾਉਗੇ ?

(ੳ) ਪੁਲਿਸ ਸਟੇਸ਼ਨ (ਅ) ਪੰਚਾਇਤ ਘਰ (ੲ) ਹਸਪਤਾਲ (ਸ) ਡਾਕਖਾਨੇ

10) ਪਿਆਸ ਲੱਗਣ 'ਤੇ ਅਸੀਂ ਸਭ ਤੋਂ ਪਹਿਲਾਂ ਕੀ ਪੀਂਦੇ ਹਾਂ ?

(ੳ) ਦੁੱਧ (ਅ) ਚਾਹ (ੲ) ਪਾਣੀ (ਸ) ਜੂਸ

11) ਪਾਣੀ ਦੀ ਲੋੜ ਕਿਸ ਨੂੰ ਹੁੰਦੀ ਹੈ?

(ੳ) ਮਨੁੱਖ ਨੂੰ (ਅ) ਜੀਵਾਂ ਨੂੰ (ੲ) ਪੰਛੀਆਂ ਨੂੰ (ਸ) ਸਾਰਿਆਂ ਨੂੰ

12) ਮੀਂਹ ਪੈਣ ਤੋਂ ਬਾਅਦ ਸਤਰੰਗੀ ਪੀਂਘ ਦੇਖਣੀ ਹੋਵੇ, ਤਾਂ ਕਿਹੜੇ ਪਾਸੇ ਦੇਖਣਾ ਪਵੇਗਾ?

(ੳ) ਸੂਰਜ ਵਾਲੇ ਪਾਸੇ (ਅ) ਸੂਰਜ ਤੋਂ ਉਲਟੀ ਦਿਸ਼ਾ ਵੱਲ

(ੲ) ਦੱਖਣ ਦਿਸ਼ਾ ਵੱਲ (ਸ) ਸੂਰਜ ਤੋਂ ਸੱਜੇ ਪਾਸੇ

13) ਜੇਕਰ ਅਸੀਂ ਬਠਿੰਡੇ ਤੋਂ ਸ਼ਿਮਲੇ ਜਾਣਾ ਹੋਵੇ, ਤਾਂ ਕਿਹੜੇ ਸਾਧਨ ਦੀ ਵਰਤੋਂ ਕਰਾਂਗੇ?

(ੳ) ਰਿਕਸ਼ਾ (ਅ) ਰੇਲ ਗੱਡੀ (ੲ) ਸਾਈਕਲ (ਸ) ਸਕੂਟਰ

14) ਸੰਚਾਰ ਤੋਂ ਕੀ ਭਾਵ ਹੈ ?

(ੳ) ਸੰਦੇਸ਼ ਭੇਜਣਾ (ਅ) ਸੰਦੇਸ਼ ਪ੍ਰਾਪਤ ਕਰਨਾ (ੲ) ਦੋਵੇਂ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

15) ਕਿਸ ਦੇ ਪੱਤੇ ਸੁੱਕਾ ਕੇ ਕੱਪੜੇ ਵਾਲੇ ਟਰੰਕਾਂ ਵਿੱਚ ਰੱਖੇ ਜਾਂਦੇ ਹਨ?

(ੳ) ਪਿੱਪਲ (ਅ) ਨਿੰਮ (ੲ) ਬੋਹੜ (ਸ) ਟਾਹਲੀ

16) ਦੀਵਾਲੀ ਵੇਲੇ ਘਰ ਸਜਾਉਣ ਲਈ ਤੁਸੀਂ ਕੀ ਚੀਜ਼ ਖਰੀਦੋਗੇ?

(ੳ) ਲੜੀਆਂ (ਅ) ਪਟਾਖੇ (ੲ) ਮਿੱਟੀ ਦੇ ਦੀਵੇ (ਸ) ਮਠਿਆਈ

## 2. ਛੋਟੇ ਉੱਤਰਾਂ ਵਾਲੇ ਪ੍ਰਸ਼ਨ: ਅੰਕ 8×2=16

1) ਜਿਸ ਭੋਜਨ ਵਿੱਚ ਸਾਰੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ। ਉਸ ਨੂੰ ਕੀ ਕਹਿੰਦੇ ਹਨ?

........................................................................................................................

........................................................................................................................

2) ਤੁਸੀਂ ਕਿਸ ਜਾਨਵਰ ਨੂੰ ਇੱਕ ਵਫ਼ਾਦਾਰ ਜਾਨਵਰ ਦਾ ਨਾਂ ਦਿਓਗੇ?

........................................................................................................................

........................................................................................................................

3) ਤੋਤਾ ਆਮ ਤੌਰ 'ਤੇ ਕੀ ਖਾਣਾ ਪਸੰਦ ਕਰਦਾ ਹੈ?

........................................................................................................................

........................................................................................................................

4) ਅੱਜ ਕੱਲ੍ਹ ਜ਼ਿਆਦਾਤਰ ਵਿਆਹ ਸਮਾਗਮ ਕਿੱਥੇ ਹੋਣ ਲੱਗ ਪਏ ਹਨ?

........................................................................................................................

........................................................................................................................

EVS - 5

5) ਘੁਮਿਆਰ ਵੱਲੋਂ ਬਰਤਨ ਬਣਾਉਣ ਲਈ ਵਰਤੇ ਜਾਣ ਵਾਲੇ ਪਹੀਏ ਨੂੰ ਕੀ ਕਹਿੰਦੇ ਹਨ?

..................................................................................................................................

..................................................................................................................................

6) ਕਿਹੜੀ ਉਮਰ ਵਿੱਚ ਸਰੀਰ ਵੱਧ ਕਮਜ਼ੋਰ ਹੋ ਜਾਂਦਾ ਹੈ ?

..................................................................................................................................

..................................................................................................................................

7) ਖੇਡਾਂ ਦਾ ਕੋਈ ਇੱਕ ਲਾਭ ਲਿਖੋ।

..................................................................................................................................

..................................................................................................................................

8) ਜੇਕਰ ਸਵੇਰੇ-ਸਵੇਰੇ ਤੁਸੀਂ ਸੂਰਜ ਵੱਲ ਮੂੰਹ ਕਰਕੇ ਖੜ੍ਹੇ ਹੋ, ਤਾਂ ਤੁਹਾਡੇ ਪਿੱਛੇ ਕਿਹੜੀ ਦਿਸ਼ਾ ਹੋਵੇਗੀ?

..................................................................................................................................

..................................................................................................................................

**3. ਖਾਲੀ ਥਾਵਾਂ ਭਰੋ :** **ਅੰਕ 4**

(ਖਾਦ, ਟੈਲੀਗ੍ਰਾਮ, ਮਿੱਟੀ, ਸ਼ੌਕ )

1) ਲੁਈਸ ਬ੍ਰੇਲ ਨੂੰ ਪੜ੍ਹਨ ਦਾ ਬੜਾ.......... ਸੀ।
2) ਝੜੇ ਪੱਤਿਆਂ ਤੋਂ ......... ਬਣਾਈ ਜਾ ਸਕਦੀ ਹੈ।
3) ਪੁਰਾਣੇ ਸਮੇਂ ਵਿੱਚ .............. ਦੇ ਭਾਂਡੇ ਵਰਤੇ ਜਾਂਦੇ ਸਨ।
4) .......... ਦੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ।

**4. ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ :** **ਅੰਕ 4**

1) ਕੰਮ ਕਰਕੇ ਕਿੱਤਾਕਾਰ ਪੈਸੇ ਕਮਾਉਂਦੇ ਹਨ।
2) ਪੰਛੀ ਖੰਭਾਂ ਦੀ ਮਦਦ ਨਾਲ ਉੱਡਦੇ ਹਨ।
3) ਪੀਣ ਵਾਲੇ ਪਾਣੀ ਦੀ ਲਗਾਤਾਰ ਕਮੀ ਹੋ ਰਹੀ ਹੈ।
4) ਲਲਾਰੀ ਕੱਪੜਿਆਂ ਦੀ ਸਿਲਾਈ ਕਰਦਾ ਹੈ।


**5. ਮਿਲਾਨ ਕਰੋ** **ਅੰਕ 4**

| | |
|---|---|
| ਮਾਮਾ | ਮਾਸੀ |
| ਫੁੱਫੜ | ਤਾਈ |
| ਮਾਸੜ | ਭੂਆ |
| ਤਾਇਆ | ਮਾਮੀ |

EVS- 6

6. ਦਿਸ਼ਾਵਾਂ ਦੇ ਨਾਮ ਲਿਖੋ: ਅੰਕ 4

..................

..................  ..................

..................

7. ਕੋਈ ਅੱਠ ਪ੍ਰਸ਼ਨਾਂ ਦੇ ਉੱਤਰ ਦਿਓ ਅੰਕ 8×4=32

1) ਦਿੱਤੇ ਅਨੁਸਾਰ ਸੂਚੀ ਤਿਆਰ ਕਰੋ

| ਟੀਮ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ | ਇਕੱਲੇ ਖੇਡੀਆਂ ਜਾਣ ਵਾਲੀਆਂ ਖੇਡਾਂ |
|---|---|
| | |
| | |

2) ਦੱਸੋ, ਜਾਨਵਰ ਇੱਕ ਥਾਂ ਤੋਂ ਦੂਜੀ ਥਾਂ ਤੇ ਕਿਵੇਂ ਜਾਂਦੇ ਹਨ ?

ਜਿਵੇਂ, ਤਿਤਲੀ ਉੱਡਦੀ ਹੈ।

ੳ) ਸੱਪ ....................ਹੈ।


ਅ) ਗਾਂ..........................ਹੈ।

ੲ) ਤੋਤਾ .................. ਹੈ।

ਸ) ਮੱਛੀ ...................... ਹੈ।

EVS - 7

3) ਪੌਦੇ ਦੇ ਭਾਗਾਂ ਨੂੰ ਪਹਿਚਾਣੋ ਅਤੇ ਉਨ੍ਹਾਂ ਦੇ ਨਾਂ ਲਿਖੋ।




4) ਕਿਹੜੀ-ਕਿਹੜੀ ਸਬਜ਼ੀ ਕੱਚੀ ਜਾਂ ਸਲਾਦ ਦੇ ਰੂਪ ਵਿੱਚ ਖਾਧੀ ਜਾ ਸਕਦੀ ਹੈ?

.......................................................................................................................................................
.......................................................................................................................................................
.......................................................................................................................................................
.......................................................................................................................................................
.......................................................................................................................................................
.......................................................................................................................................................
.......................................................................................................................................................
..........................

EVS 8

5) ਹੇਠ ਦਿੱਤੇ ਚਿੱਤਰਾਂ ਵਿੱਚ ਜੰਗਲੀ ਜਾਨਵਰਾਂ ਦੇ ਨਾਂ ਲਿਖੋ।





1. ..........................

2. ..........................





3. ..........................

4. ..........................

6) ਮੋਬਾਇਲ ਫੋਨ ਦੀ ਵਰਤੋਂ ਨਾਲ ਹੋਣ ਵਾਲੇ ਦੋ ਕੰਮ ਲਿਖੋ।

..........................................................................................................................................
..........................................................................................................................................
..........................................................................................................................................
..........................................................................................................................................
..........................................................................................................................................

EVS 9

7) ਅਸੀਂ ਪਾਣੀ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕਰਦੇ ਹਾਂ? ਕੋਈ ਦੋ ਕੰਮ ਲਿਖੋ।

8) ਸਤਰੰਗੀ ਪੀਂਘ ਦਾ ਚਿੱਤਰ ਬਣਾ ਕੇ ਰੰਗ ਭਰੋ।

9) ਕੋਈ ਇੱਕ ਸੜਕ ਸੁਰੱਖਿਆ ਨਿਯਮ ਲਿਖੋ।

10) ਕੋਈ ਚਾਰ ਕੱਪੜਿਆਂ ਦੇ ਨਾਮ ਲਿਖੋ। ਜਿਨ੍ਹਾਂ ਨੂੰ ਅਸੀਂ ਅਣਸੀਤੇ ਹੀ ਪਹਿਨ ਲੈਂਦੇ ਹਾਂ।